## ਡਾਕ ਰਾਹੀਂ ਵੋਟ ਪਾਉਣਾ

ਰਜਿਸਟਰਸ਼ੁਦਾ ਵੋਟਰ ਜੇ ਡਾਕ ਰਾਹੀਂ ਵੋਟ ਪਾ ਰਹੇ ਹਨ ਤਾਂ ਉਨ੍ਹਾਂ ਨੂੰ ਪਛਾਣ-ਪੱਤਰ (ਆਈ ਡੀ) ਦੇਣ ਦੀ ਲੋੜ ਨਹੀਂ ਹੈ। ਡਾਕ ਰਾਹੀਂ ਵੋਟ ਪਾਉਣ ਵੇਲੇ ਰਜਿਸਟਰ ਹੋ ਰਹੇ ਵੋਟਰਾਂ ਨੂੰ ਆਪਣੇ ਵੋਟਾਂ ਦੇ ਪੈਕੇਜ ਨਾਲ ਪ੍ਰਵਾਨ ਕਰਨ ਯੋਗ ਪਛਾਣ ਦੀਆਂ ਕਾਪੀਆਂ ਜ਼ਰੂਰ ਸ਼ਾਮਲ ਕਰਨੀਆਂ ਪੈਣਗੀਆਂ।

ਜੇ ਕਿਸੇ ਵੋਟਰ ਕੋਲ ਪ੍ਰਵਾਨ ਕਰਨ ਯੋਗ ਪਛਾਣ-ਪੱਤਰ ਨਹੀਂ ਹੈ ਤਾਂ ਕਿਸੇ ਵਲੋਂ ਉਸ ਦੀ ਜ਼ਾਮਨੀ ਦੇਣਾ ਜ਼ਰੂਰੀ ਹੈ। ਜ਼ਾਮਨੀ ਦਾ ਐਲਾਨਨਾਮਾ ਕਿਸੇ ਚੋਣ ਅਧਿਕਾਰੀ, ਬਾਰਿਸਟਰ ਜਾਂ ਸੋਲਿਸਟਰ, ਜਾਂ ਐਫੀਡੇਵਿਟ ਲੈਣ ਲਈ ਅਧਿਕਾਰਤ ਕਿਸੇ ਵਿਅਕਤੀ ਦੇ ਸਾਹਮਣੇ ਕੀਤਾ ਜਾਣਾ ਜ਼ਰੂਰੀ ਹੈ।

ਵਾਊਚਰ ਵਲੋਂ, ਵੋਟਰਾਂ ਲਈ ਵੋਟਿੰਗ ਦੇ ਪੈਕੇਜ ਵਿਚ ਦਿੱਤੀਆਂ ਪ੍ਰਵਾਨ ਕਰਨ ਯੋਗ ਪਛਾਣ-ਪੱਤਰ ਦੀਆਂ ਕਾਪੀਆਂ ਭੇਜਣੀਆਂ ਜ਼ਰੂਰੀ ਹਨ (ਵਾਊਚਿੰਗ ਦੇਖੋ)।

---

**ਵੋਟ ਪਾਉਣ ਲਈ ਆਪਣੀ ਪਛਾਣ ਤਿਆਰ ਰੱਖੋ**

---

ELECTIONS BC
A non-partisan Office of the Legislature

ਹੋਰ ਜਾਣਕਾਰੀ ਲਈ,
ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰੋ

ਟੋਲ-ਫ੍ਰੀ: 1-800-661-8683
(ਉੱਤਰੀ ਅਮਰੀਕਾ ਵਿਚ)
ਟੀ ਟੀ ਵਾਈ: 1-888-456-5448

ਚਿੱਠੀ ਪੱਤਰ ਲਈ ਐਡਰੈਸ:
PO Box 9275 Stn Prov Govt
Victoria BC V8W 9J6

ਫੋਨ: 250-387-5305
ਫੈਕਸ: 250-387-3578
ਟੋਲ-ਫ੍ਰੀ ਫੈਕਸ: 1-866-466-0665

ਈਮੇਲ: electionsbc@elections.bc.ca
ਵੈੱਬਸਾਈਟ: www.elections.bc.ca

3009 (16/11)
[Punjabi]

# ਵੋਟ ਪਾਉਣ ਲਈ ਤੁਹਾਨੂੰ ਪਛਾਣ-ਪੱਤਰ ਦਿਖਾਉਣ ਦੀ ਲੋੜ ਹੈ।

ELECTIONS BC
A non-partisan Office of the Legislature

# ਸੂਬਾਈ ਵੋਟਰ ਦੀ ਪਛਾਣ ਦੀਆਂ ਸ਼ਰਤਾਂ

## ਵੋਟ ਪਾਉਣ ਤੋਂ ਪਹਿਲਾਂ ਜਾਂ ਵੋਟ ਨਾਲ ਰਜਿਸਟਰ ਹੋਣ ਵੇਲੇ ਵੋਟਰਾਂ ਲਈ ਆਪਣੀ ਪਛਾਣ ਅਤੇ ਰਿਹਾਇਸ਼ ਦਾ ਸਬੂਤ ਦੇਣਾ ਜ਼ਰੂਰੀ ਹੈ।

### ਵੋਟਰ ਲਈ ਯੋਗਤਾਵਾਂ

- ਆਮ ਵੋਟਾਂ ਵਾਲੇ ਦਿਨ ਉਮਰ 18 ਸਾਲ ਜਾਂ ਜ਼ਿਆਦਾ
- ਕੈਨੇਡੀਅਨ ਸਿਟੀਜ਼ਨ
- ਪਿਛਲੇ ਛੇ ਮਹੀਨਿਆਂ ਤੋਂ ਬੀ.ਸੀ. ਦਾ ਵਸਨੀਕ

### ਵੋਟਰ ਦੀ ਪਛਾਣ

ਵੋਟ ਪਰਚੀ ਲੈਣ ਲਈ ਜਾਂ ਵੋਟਾਂ ਵਾਲੇ ਦਿਨ ਰਜਿਸਟਰ ਹੋਣ ਲਈ ਵੋਟਰਾਂ ਵਲੋਂ ਆਪਣੀ ਪਛਾਣ ਅਤੇ ਰਿਹਾਇਸ਼ ਦਾ ਸਬੂਤ ਦੇਣਾ ਜ਼ਰੂਰੀ ਹੈ।

**ਵੋਟਰਾਂ ਲਈ ਇਨ੍ਹਾਂ ਵਿੱਚੋਂ ਕੋਈ ਪਛਾਣ ਦਿਖਾਉਣੀ ਜ਼ਰੂਰੀ ਹੈ:**

- ਬੀ.ਸੀ. ਜਾਂ ਕੈਨੇਡਾ ਦੀ ਸਰਕਾਰ ਵਲੋਂ ਜਾਰੀ ਕੀਤਾ ਗਿਆ ਕੋਈ ਪਛਾਣ-ਪੱਤਰ ਜਿਸ ਉੱਤੇ ਵੋਟਰ ਦਾ ਨਾਂ, ਫੋਟੋ ਅਤੇ ਰਿਹਾਇਸ਼ੀ ਐਡਰੈਸ ਹੋਵੇ ਜਿਵੇਂ ਕਿ ਬੀ ਸੀ ਡਰਾਈਵਰਜ਼ ਲਾਇਸੰਸ, ਬੀ.ਸੀ. ਸਰਵਿਸਿਜ਼ ਕਾਰਡ ਜਾਂ ਬੀ ਸੀ ਆਈਡੈਨਟੀਫੀਕੇਸ਼ਨ ਕਾਰਡ (ਬੀ ਸੀ ਆਈ ਡੀ)




**ਜਾਂ**

- ਸਰਟੀਫਿਕੇਟ ਆਫ ਇੰਡੀਅਨ ਸਟੈਟਸ




**ਜਾਂ**

- ਦੋ ਦਸਤਾਵੇਜ਼ ਜਿਨ੍ਹਾਂ ਉੱਪਰ ਵੋਟਰ ਦਾ ਨਾਂ ਹੋਵੇ। ਘੱਟੋ ਘੱਟ ਇਕ ਦਸਤਾਵੇਜ਼ ਉੱਪਰ ਵੋਟਰ ਦਾ ਰਿਹਾਇਸ਼ੀ ਐਡਰੈਸ ਹੋਣਾ ਜ਼ਰੂਰੀ ਹੈ।

ਉਨ੍ਹਾਂ ਦਸਤਾਵੇਜ਼ਾਂ ਦੀਆਂ ਕੁਝ ਉਦਾਹਰਣਾਂ ਜਿਨ੍ਹਾਂ ਦੀ ਪ੍ਰਵਾਨਗੀ ਚੀਫ ਇਲੈਕਟੋਰਲ ਅਫਸਰ (ਮੁੱਖ ਚੋਣ ਅਫਸਰ) ਨੇ ਦਿੱਤੀ ਹੋਈ ਹੈ:

### ਸਰਕਾਰ ਵਲੋਂ ਜਾਰੀ ਕੀਤੇ ਪਛਾਣ-ਪੱਤਰ

(ਜਿਵੇਂ ਬੀ.ਸੀ. ਕੇਅਰਕਾਰਡ, ਜਨਮ ਦਾ ਸਰਟੀਫਿਕੇਟ, ਸੋਸ਼ਲ ਇਨਸ਼ੋਰੈਂਸ ਨੰਬਰ ਕਾਰਡ, ਪਾਸਪੋਰਟ, ਸਿਟੀਜ਼ਨਸ਼ਿਪ ਦਾ ਕਾਰਡ/ਸਰਟੀਫਿਕੇਟ)

### ਸਰਕਾਰ ਵਲੋਂ ਜਾਰੀ ਕੀਤੇ ਹੋਰ ਪਛਾਣ-ਪੱਤਰ

(ਜਿਵੇਂ ਪ੍ਰਾਪਰਟੀ ਟੈਕਸ ਦੀ ਅਸੈੱਸਮੈਂਟ, ਇਨਕਮ ਟੈਕਸ ਅਸੈੱਸਮੈਂਟ ਦਾ ਨੋਟਿਸ, ਸਰਕਾਰੀ ਚਿੱਕ)

### ਸਕੂਲ/ਕਾਲਜ/ਯੂਨੀਵਰਸਿਟੀ ਵਲੋਂ ਜਾਰੀ ਕੀਤੇ ਹੋਰ ਪੇਪਰ

(ਜਿਵੇਂ ਦਾਖਲਾ ਚਿੱਠੀ, ਰਿਪੋਰਟ ਕਾਰਡ, ਟ੍ਰਾਂਸਕਰਿਪਟ, ਰਿਹਾਇਸ਼ੀ ਮਨਜ਼ੂਰੀ, ਟਿਊਸ਼ਨ/ਫੀਸਾਂ ਦੀ ਰਸੀਦ, ਸਟੂਡੈਂਟ ਕਾਰਡ)

### ਹੋਰ ਪੇਪਰ

- ਬੈਂਕ/ਕਰੈਡਿਟ ਕਾਰਡ ਜਾਂ ਚਿੱਠੀ (ਸਟੇਟਮੈਂਟ)
- ਰਿਹਾਇਸ਼ ਦੀ ਲੀਜ਼/ਮੌਰਗੇਜ ਦੀ ਚਿੱਠੀ
- ਇਨਸ਼ੋਰੈਂਸ ਦੀ ਚਿੱਠੀ
- ਬੱਸ ਪਾਸ
- ਯੂਟਿਲਿਟੀ ਬਿੱਲ
- ਮੈਂਬਰਸ਼ਿਪ ਕਾਰਡ
- ਹਸਪਤਾਲ ਦੀ ਵੰਗ/ਪੇਪਰ
- ਰਿਹਾਇਸ਼ ਦਾ ਸਰਟੀਫਿਕੇਟ (3007)
- ਬੀ.ਸੀ. ਦਾ ਵੋਟ ਕਿੱਥੇ ਪਾਉਣੀ ਹੈ ਵਾਲਾ ਕਾਰਡ (ਵੋਟਰ ਦੇ ਨਾਂ ਸਮੇਤ)
- ਨਿੱਜੀ ਚੈੱਕ
- ਕਾਨੂੰਨੀ ਬਿਆਨ




### ਜ਼ਾਮਨੀ



ਜਿਨ੍ਹਾਂ ਵੋਟਰਾਂ ਕੋਲ ਲੋੜੀਂਦੇ ਪਛਾਣ-ਪੱਤਰ ਨਹੀਂ ਹਨ, ਉਨ੍ਹਾਂ ਨੂੰ ਵੋਟਰਾਂ ਦੀ ਲਿਸਟ 'ਤੇ ਸ਼ਾਮਲ ਕਰਨ ਅਤੇ ਵੋਟ ਪਾਉਣ ਲਈ ਜ਼ਾਮਨੀ ਦਿੱਤੀ ਜਾ ਸਕਦੀ ਹੈ।

ਵਾਊਚਰ ਪਛਾਣ ਦੇ ਲੋੜੀਂਦੇ ਪੇਪਰ ਦੇਣ ਦੇ ਯੋਗ ਹੋਣਾ ਜ਼ਰੂਰੀ ਹੈ ਅਤੇ ਇਹ ਅੱਗੇ ਲਿਖਿਆਂ ਵਿੱਚੋਂ ਕੋਈ ਇਕ ਹੋ ਸਕਦਾ ਹੈ:

- ਉਸੇ ਇਲੈਕਟੋਰਲ ਜ਼ਿਲੇ ਵਿਚ ਵੋਟਰ ਵਜੋਂ ਰਜਿਸਟਰ ਵੋਟਰ
- ਵੋਟਰ ਦਾ ਪਤੀ/ਪਤਨੀ, ਮਾਪਾ, ਗਰੈਂਡਪੇਰੈਂਟ, ਜਾਂ ਬਾਲਗ ਬੱਚਾ, ਗਰੈਂਡਚਾਇਲਡ ਜਾਂ ਭੈਣ/ਭਰਾ।
- ਕੋਈ ਵਿਅਕਤੀ ਜਿਸ ਕੋਲ ਜ਼ਾਮਨੀ ਦਿੱਤੇ ਜਾਣ ਵਾਲੇ ਵਿਅਕਤੀ ਦੀ ਨਿੱਜੀ ਸੰਭਾਲ ਨਾਲ ਸੰਬੰਧਿਤ ਫੈਸਲੇ ਕਰਨ ਦਾ ਕਾਨੂੰਨੀ ਹੱਕ ਹੈ।

ਵੋਟਰ ਅਤੇ ਜ਼ਾਮਨ ਦੋਨਾਂ ਲਈ ਵੋਟਰ ਦੀ ਪਛਾਣ ਅਤੇ ਰਿਹਾਇਸ਼ੀ ਥਾਂ ਬਾਰੇ ਰਸਮੀ ਐਲਾਨ ਕਰਨਾ ਜ਼ਰੂਰੀ ਹੈ।

ਜੇ ਕੋਈ ਜ਼ਾਮਨ, ਵੋਟਰ ਦਾ ਰਿਸ਼ਤੇਦਾਰ ਜਾਂ ਨਿੱਜੀ ਸੰਭਾਲ ਦੇ ਹੱਕ ਵਾਲਾ ਵਿਅਕਤੀ ਨਹੀਂ ਹੈ ਤਾਂ ਉਹ ਸਿਰਫ ਇਕ ਵੋਟਰ ਲਈ ਹੀ ਜ਼ਾਮਨ ਬਣ ਸਕਦਾ ਹੈ। ਕੋਈ ਰਿਸ਼ਤੇਦਾਰ ਆਪਣੇ ਪਰਿਵਾਰ ਦੇ ਕਈ ਮੈਂਬਰਾਂ ਦਾ ਜ਼ਾਮਨ ਬਣ ਸਕਦਾ ਹੈ। ਨਿੱਜੀ ਸੰਭਾਲ ਵਾਲੇ ਅਧਿਕਾਰੀ, ਉਨ੍ਹਾਂ ਸਾਰੇ ਵੋਟਰਾਂ ਲਈ ਜ਼ਾਮਨੀ ਦੇ ਸਕਦੇ ਹਨ ਜਿਨ੍ਹਾਂ ਦਾ ਉਨ੍ਹਾਂ ਕੋਲ ਲਿਖਤੀ ਹੱਕ ਹੈ।

ਜਿਸ ਵੋਟਰ ਲਈ ਕਿਸੇ ਨੇ ਜ਼ਾਮਨੀ ਦਿੱਤੀ ਹੋਵੇ, ਉਹ ਵੋਟਰ ਉਸ ਇਲੈਕਸ਼ਨ ਵਿਚ ਕਿਸੇ ਹੋਰ ਵੋਟਰ ਲਈ ਜ਼ਾਮਨ ਨਹੀਂ ਹੋ ਸਕਦਾ।

ELECTIONS BC
A non-partisan Office of the Legislature